੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

# ਜਗਤ-ਤਮਾਸ਼ਾ

G-679

ਇਕ ਅਤੀ ਮਨਮੋਹਣੇ ਫ੍ਰਾਂਸੀਸੀ ਨਾਵਲ ਦਾ
ਠੇਠ ਪੰਜਾਬੀ ਉਲਥਾ

ਲੇਖਕ

ਨ ਜੁਗਤੀ, ਫੁਲਰ ਕੋਟ, ਸ਼ਾਮ ਸੁੰਦਰ, ਚੰਚਲ ਮੂਰਤੀ,
ਦੋ ਵਹੁਟੀਆਂ, ਰਣਜੀਤ ਕੌਰ ਤੇ ਹੋਰ ਅਨੇਕਾਂ
ਪੰਜਾਬੀ ਪੁਸਤਕਾਂ ਦੇ ਰਚਣਹਾਰ

ਰ ਸ. ਸ. ਚਰਨ ਸਿੰਘ ਜੀ 'ਸ਼ਹੀਦ'

ਲਾ ਦੇਵੀ ਦਾਸ ਜਾਨਕੀ ਦਾਸ
ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ
ਅੰਮ੍ਰਿਤਸਰ ਵਲੋਂ ਪ੍ਰਕਾਸ਼ਤ।

ਸ਼ਨ] [ਅਪ੍ਰੈਲ ੧੯੨੭

ਸਭ ਹੱਕ ਰਾਖਵੇਂ ਹਨ।

V.1
21829

ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਵਿੱਚ ਸਰਦਾਰ ਪ੍ਰੀਤਮ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

# ਅਰੰਭਕ ਨੋਟ !

ਏਹ ਪੁਸਤਕ ਇਕ ਪ੍ਰਸਿੱਧ ਫ੍ਰਾਂਸੀਸੀ ਨਾਵਲ ਦਾ ਉਲਥਾ ਹੈ, ਜਿਸਦੇ ਤਰਜਮੇਂ ਸੰਸਾਰ ਦੀਆਂ ਅਨੇਕਾਂ ਬੋਲੀਆਂ ਵਿੱਚ ਹੋ ਚੁੱਕੇ ਹਨ । ਫ੍ਰਾਂਸੀਸੀ ਨਾਵਲ ਦੁਨੀਆਂ ਭਰ ਦੇ ਕੁੱਲ ਦੇਸਾਂ ਦੇ ਨਾਵਲਾਂ ਤੋਂ ਉੱਚ ਦਰਜੇ ਦੇ ਮੰਨੇ ਗਏ ਹਨ ਤੇ ਵੱਡੀਆਂ ਵੱਡੀਆਂ ਉੱਨਤ ਬੋਲੀਆਂ ਦੇ ਵਿਦਵਾਨ ਅਤੀ ਸ਼ੌਕ ਨਾਲ ਫ੍ਰਾਂਸੀਸੀ ਨਾਵਲਾਂ ਦੇ ਉਲਥੇ ਆਪਣੀਆਂ ਬੋਲੀਆਂ ਵਿੱਚ ਕਰਦੇ ਹਨ। ਪਰ ਪੰਜਾਬੀ ਵਿੱਚ ਅੱਜ ਤੱਕ ਕਿਸੇ ਫ੍ਰਾਂਸੀਸੀ ਨਾਵਲ ਦਾ ਤਰਜਮਾ ਨਹੀਂ ਹੋਯਾ ਸੀ । ਏਸ ਘਾਟੇ ਨੂੰ ਪੂਰਾ ਕਰਨ ਲਈ ਮੇਰਾ ਏਹ ਪਹਿਲਾ ਜਤਨ ਹੈ । ਨਿਸਚਾ ਹੈ ਕਿ ਏਸ ਪੁਸਤਕ ਨੂੰ ਅੰਤ ਤੱਕ ਪੜ੍ਹ ਲੈਣ ਪਰ ਪਾਠਕ ਸੱਜਣ ਵੀ ਏਸ ਗੱਲ ਨੂੰ ਮੰਨ ਜਾਣਗੇ ਕਿ ਨਿਰਸੰਦੇਹ ਏਹ ਨਾਵਲ ਅਤੀ ਸੁਆਦਲਾ ਤੇ ਬੇਅੰਤ ਗੁਣਾਂ ਦਾ ਭੰਡਾਰ ਹੈ।

ਏਸ ਪੁਸਤਕ ਵਿੱਚ ਇੱਕ ਨਵੀਂ ਗੱਲ ਹੋਰ ਹੈ ਕਿ ਦੋ ਜਣਿਆਂ ਦੀ ਗੱਲ ਬਾਤ ਵੇਲੇ ਓਹਨਾਂ ਦੇ ਨਾਮ ਘੜੀ ਮੁੜੀ ਨਹੀਂ ਲਿਖੇ ਗਏ। ਏਸ ਮਤਲਬ ਲਈ ਇਨਵਰਟਿਡ ਕੌਮਿਆਂ (“—”) ਤੋਂ ਕੰਮ ਲਿਆ ਗਿਆ ਹੈ । ਏਹ ਤ੍ਰੀਕਾ ਵੀ ਯੂਰਪ, ਅਮ੍ਰੀਕਾ ਤੇ ਹੋਰ

ਦੇਸਾਂ ਦੀਆਂ ਉੱਨਤ ਬੋਲੀਆਂ ਵਿੱਚ ਬਹੁਤ ਚਿਰ ਤੋਂ ਜਾਰੀ ਹੈ। ਹਿੰਦੀ ਤੇ ਉਰਦੂ ਵਿੱਚ ਵੀ ਏਸਦਾ ਪ੍ਰਚਾਰ ਹੋ ਚੁੱਕਾ ਹੈ, ਪਰ ਪੰਜਾਬੀ ਵਿੱਚ ਅਜੇ ਤੱਕ ਪ੍ਰਸ਼ਨ ਕਰਤਾ ਤੇ ਉਤ੍ਰ ਦਾਤਾ ਦੇ ਨਾਮ ਸੈਂਕੜੇ ਹਜ਼ਾਰਾਂ ਵਾਰੀ ਵਿਅਰਥ ਲਿਖ ਲਿਖ ਕੇ ਪੁਸਤਕ ਦੀ ਜ਼ਰੂਰੀ ਥਾਂ ਫਜ਼ੂਲ ਗੁਆਈ ਜਾਂਦੀ ਹੈ। ਪਾਠਕ ਦੇਖਣਗੇ ਕਿ ਪ੍ਰਸ਼ਨੋਤ੍ਰੀ ਦਾ ਨਵਾਂ ਢੰਗ ਜੋ ਏਸ ਪੁਸਤਕ ਵਿੱਚ ਵਰਤਿਆ ਗਿਆ ਹੈ, ਕਿਹਾ ਸਾਦਾ, ਸੋਹਣਾ ਤੇ ਸੁਖੈਨ ਹੈ। ਇੱਕ ਆਦਮੀ ਗੱਲ ਕਰਦਾ ਹੈ ਤਾਂ ਉਸਦੇ ਉੱਤ੍ਰ ਵਿੱਚ ਉੱਤ੍ਰ ਦਾਤਾ ਦਾ ਨਾਮ ਨਾਂ ਲਿਖਕੇ ਕੇਵਲ ("–") ਇਨਵਰਟਿਡ ਕੌਮੇ ਦੇ ਦਿਤੇ ਗਏ ਹਨ, ਜਿਸਤੋਂ ਉੱਤ੍ਰ ਪ੍ਰਸ਼ਨ ਦਾ ਆਪੇ ਪਤਾ ਲੱਗਦਾ ਜਾਂਦਾ ਹੈ।

ਗੋਯਾ ਏਹ ਪੁਸਤਕ ਪੰਜਾਬੀ ਵਿੱਚ ਦੋ ਨਵੀਆਂ ਗੱਲਾਂ ਦਾ ਵਾਧਾ ਕਰਨ ਵਾਲੀ ਹੈ। ਇੱਕ ਤਾਂ ਫ੍ਰਾਂਸੀਸੀ ਨਾਵਲਾਂ ਦੇ ਉਲਥੇ ਤੇ ਦੂਜਾ ਪ੍ਰਸ਼ਨੋਤ੍ਰੀ ਦਾ ਨਵਾਂ ਢੰਗ। ਆਸ਼ਾ ਹੈ ਪੰਜਾਬੀ ਦੇ ਪ੍ਰੇਮੀ ਏਸਨੂੰ ਪਸੰਦ ਕਰਨਗੇ।

ਸ. ਸ. ਚਰਨ ਸਿੰਘ
'ਸ਼ਹੀਦ'

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਜਗਤ--ਤਮਾਸ਼ਾ

## ੧.

ਮਿਸਟਰ ਕਸਲਬਾਸ਼ ਆਪਣੀ ਬੈਠਕ ਦੇ ਬੂਹੇ ਵਿੱਚ ਪਹੁੰਚਕੇ ਅਟਕ ਗਿਆ ਤੇ ਆਪਣੇ ਮੁਨਸ਼ੀ ਦੇ ਮੋਢੇ ਉੱਤੇ ਹੱਥ ਰੱਖਕੇ ਚਿੰਤਾ ਭਰੀ ਅਵਾਜ਼ ਨਾਲ ਕਹਿਣ ਲੱਗਾ "ਚਿਪਮੈਨ! ਜ਼ਰੂਰ ਕੋਈ ਆਦਮੀ ਸਾਡੇ ਪਿੱਛੋਂ ਏਸ ਕਮਰੇ ਵਿੱਚ ਆਯਾ ਹੈ!"

ਮੁਨਸ਼ੀ ਨੇ ਉੱਤ੍ਰ ਦਿੱਤਾ—ਨਹੀਂ ਜੀ, ਏਹ ਹੋ ਨਹੀਂ ਸੱਕਦਾ। ਵੱਡੇ ਹਾਲ ਕਮਰੇ ਦਾ ਬੂਹਾ ਹੁਣੇ ਤੁਸੀਂ ਆਪਣੀ ਹੱਥੀਂ ਖੋਲ੍ਹਿਆ ਹੈ ਤੇ ਜਿੰਨਾਂ ਚਿਰ ਅਸੀਂ ਹੋਟਲ ਵਿੱਚ ਰੋਟੀ ਖਾਂਦੇ ਰਹੇ ਹਾਂ ਕੁੰਜੀ ਤੁਹਾਡੇ ਖੀਸੇ ਵਿੱਚ ਹੀ ਰਹੀ ਹੈ।

ਪਰ ਮਿਸਟਰ ਕਸਲਬਾਸ਼ ਨੇ ਫੇਰ ਉਹੋ ਲਫਜ਼ ਦੁਹਰਾਏ "ਚਿਪਮੈਨ! ਜ਼ਰੂਰ ਸਾਡੇ ਪਿੱਛੋਂ ਕੋਈ ਆਦਮੀ ਐਥੇ ਆਯਾ ਹੈ, (ਇਕ ਬੈਗ ਵੱਲ ਸੈਨਤ ਕਰਕੇ) ਦੇਖੋ, ਮੇਰੀ ਗੱਲ ਦਾ ਇੱਕ ਵੱਡਾ ਸਬੂਤ ਏਹ ਹੈ ਕਿ ਏਹ ਬੈਗ ਜੋ ਪਹਿਲਾਂ ਬੰਦ ਸੀ, ਹੁਣ ਖੁੱਲ੍ਹਾ ਹੈ!"

ਏਸ ਗੱਲ ਨਾਲ ਚਿਪਮੈਨ ਦੀ ਤਸੱਲੀ ਨਾਂ ਹੋਈ। ਕਹਿਣ ਲੱਗਾ "ਕੀ ਤੁਹਾਨੂੰ ਚੰਗੀ ਤਰਾਂ ਯਾਦ ਹੈ ਕਿ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.